TO ADVERTISE PLEASE CALL 416-899-2548

World's Largest Punjabi Weekly

ਅਜੀਤ

30 Oct. to 5 Nov. 2025 USA/ONTARIO/QUEBEC Division of 6178235 Canada Inc.

AJIT WEEKLY

Corporate Office: 7015-Tranmere Dr. Unit # 1 & 2 Mississauga, On. L5S 1T7 Canada

NANAKflights
TICO #50020679
ਸਸਤੀਆਂ ਹਵਾਈ ਟਿਕਟਾਂ
ਫ਼ਰੀ ਬੁਕਿੰਗ ਹੋਲਡ
ਮੁਫ਼ਤ 5-Star Hotel with Shuttle Service and Meal Coupon when flying with a participating airline.
24/7 SERVICE
BOOK FLIGHTS
905-456-9977
7990 Kennedy Rd S. Unit 201, Brampton

MANN Travels & Tours
ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲਈ ਮਾਨ ਟਰੈਵਲ ਨੂੰ ਕਾਲ ਕਰੋ
IATA TICO No. 4671541
AMARJEET S. MANN PRESIDENT
Cottrelle : 905-595-1700
Springdale : 905-497-6300
Brampton : 905-595-2000
Hamiton : 905-930-7700
Markham : 416-603-1800
H.O: 499 Raylawson Blvd. # 32, Brampton

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.

VOL. 29 | No. 1672 | ajitweekly.com | darshantv.ca | fb.com/ajitweeklycanada | youtube.com/@ajitweeklycanada | info@ajitweekly.com | 1-905-671-4761, 416-899-2548 | Price: $1.00

ਭਾਰਤ ਕਾਰਨ ਡਰ ਹੇਠ ਜ਼ਿੰਦਗੀ ਜਿਓਂਦੇ ਨੇ Canada ਦੇ ਸਿੱਖ

ਸਰੀ: ਕੈਨੇਡਾ 'ਚ ਜੰਮੇ-ਪਲੇ ਅਤੇ BC ਸਥਿਤ ਇੱਕ ਸਿੱਖ ਕਾਰਕੁਨ ਮੋਨਿੰਦਰ ਸਿੰਘ, ਜੋ ਭਾਰਤ ਦੇ ਸਿੱਖ-ਬਹੁਮਤ ਵਾਲੇ ਪੰਜਾਬ ਰਾਜ ਦੀ ਆਜ਼ਾਦੀ ਲਈ ਮੁਹਿੰਮ ਚਲਾ ਰਹੇ ਹਨ, ਪਿਛਲੇ ਤਿੰਨ ਸਾਲਾਂ ਤੋਂ ਇਸ ਡਰ ਹੇਠ ਜੀਅ ਰਹੇ ਹਨ ਕਿ ਭਾਰਤ ਵਲੋਂ ਕਦੇ ਵੀ ਉਨ੍ਹਾਂ ਦਾ ਕਤਲ ਕਰਵਾਇਆ ਜਾ ਸਕਦਾ ਹੈ। RCMP ਦੀ ਰਾਸ਼ਟਰੀ ਸੁਰੱਖਿਆ ਯੂਨਿਟ ਨੇ ਉਨ੍ਹਾਂ ਨੂੰ ਘੱਟੋ-ਘੱਟ ਤਿੰਨ ਵਾਰ ਚੇਤਾਵਨੀਆਂ ਦਿੱਤੀਆਂ ਗਈਆਂ ਹਨ ਕਿ ਉਨ੍ਹਾਂ ਦੀ ਜਾਨ ਨੂੰ ਇੱਕ ਗੰਭੀਰ ਖ਼ਤਰਾ ਹੈ। RCMP ਦੀਆਂ ਚੇਤਾਵਨੀਆਂ 'ਚ ਮਾਰਚ ਅਤੇ ਅਪ੍ਰੈਲ 'ਚ ਦਿੱਤੀਆਂ ਗਈਆਂ ਤਾਜ਼ਾ ਚੇਤਾਵਨੀਆਂ ਵੀ ਸ਼ਾਮਿਲ ਹਨ।

ਸਿੰਘ ਪੂਰੇ ਭਰੋਸੇ ਨਾਲ ਕਹਿੰਦੇ ਹਨ ਕਿ ਉਨ੍ਹਾਂ ਨੂੰ ਭਾਰਤ ਦੀ ਸਰਕਾਰ ਮਾਰਨਾ ਚਾਹੁੰਦੀ ਹੈ। ਇਨ੍ਹਾਂ ਧਮਕੀਆਂ ਕਾਰਨ ਉਨ੍ਹਾਂ ਨੂੰ ਮਹੀਨਿਆਂ ਤਕ ਆਪਣੇ ਬੱਚਿਆਂ ਦੀ ਸੁਰੱਖਿਆ ਲਈ ਘਰ ਛੱਡਣਾ ਪਿਆ, ਅਤੇ ਉਨ੍ਹਾਂ ਨੇ ਆਪਣੀ ਪਛਾਣ ਲੁਕਾਉਣ ਲਈ ਨਕਲੀ ਨਾਵਾਂ 'ਤੇ ਹੋਟਲਾਂ ਅਤੇ Airbnbs ਬੁੱਕ ਕੀਤੇ। ਸਿੰਘ ਮਹਿਸੂਸ ਕਰਦੇ ਹਨ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਹੁਣ ਵਪਾਰ ਦੇ ਨਾਂ 'ਤੇ ਨਵੀਂ ਦਿੱਲੀ ਨਾਲ ਸੰਬੰਧ ਸੁਧਾਰ ਰਹੇ ਹਨ ਜਿਸ ਕਾਰਨ ਉਹ ਨਿਰਾਸ਼ ਹਨ। ਸਿੰਘ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਸਮੁੱਚਾ ਸਿੱਖ ਭਾਈਚਾਰਾ, ਜਿਸ 'ਚ ਮੈਂ ਵੀ ਸ਼ਾਮਿਲ ਹਾਂ, ਇਸ 'ਚ ਧੋਖੇ ਦੀ ਭਾਵਨਾ ਮਹਿਸੂਸ ਕਰਦਾ ਹੈ।"

ਇਹ ਨਿਰਾਸ਼ਾ ਇਸ ਤੱਥ ਤੋਂ ਪੈਦਾ ਹੋਈ ਹੈ ਕਿ RCMP ਵਲੋਂ 2023 'ਚ ਇੱਕ BC ਦੇ ਇੱਕ ਸਿੱਖ ਗੁਰੂਘਰ ਦੇ ਇੱਕ ਸਿਰਕੱਢ ਆਗੂ ਹਰਦੀਪ ਸਿੰਘ ਨਿੱਜਰ ਦੇ ਕਤਲ ਦੇ ਨਾਲ-ਨਾਲ ਹੋਰ ਹਿੰਸਕ ਅਪਰਾਧਾਂ ਨੂੰ ਵੀ ਭਾਰਤੀ ਏਜੰਟਾਂ ਨਾਲ ਜੋੜਿਆ ਗਿਆ ਹੈ। ਸਿੰਘ ਨੇ ਕਿਹਾ ਕਿ ਜਦੋਂ ਕਾਰਨੀ ਦੀ ਚੋਣ ਹੋਈ ਤਾਂ ਭਾਰਤ ਦੁਬਾਰਾ ਵਿਹਾਰਕ ਹੋ ਗਿਆ। ਕਾਰਨੀ ਨੇ ਜੂਨ 'ਚ ਪ੍ਰਧਾਨ ਮੰਤਰੀ ਮੋਦੀ ਨੂੰ G-7 ਸੰਮੇਲਨ 'ਚ ਸੱਦਾ ਦਿੱਤਾ ਅਤੇ ਅਗਸਤ 'ਚ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਕੈਨੇਡਾ ਅਤੇ ਭਾਰਤ ਦੇ (ਬਾਕੀ ਸਫ਼ਾ 2 'ਤੇ)

32 ਹਜ਼ਾਰ ਪਰਵਾਸੀਆਂ ਦੇ Deportion Warrants ਜਾਰੀ

ਹਰਮਨਜੋਤ ਸੋਢੀ

ਬਰੈਂਪਟਨ: ਕੈਨੇਡਾ ਸਰਕਾਰ ਨੇ ਉਨ੍ਹਾਂ 32 ਹਜ਼ਾਰ ਪਰਵਾਸੀਆਂ ਨੂੰ ਦੇਸ਼ ਤੋਂ ਬਾਹਰ ਕੱਢਣ ਦੇ ਆਦੇਸ਼ ਜਾਰੀ ਕਰ ਦਿੱਤੇ ਹਨ ਜੋ ਵੀਜ਼ਾ ਦੀ ਮਿਆਦ ਖ਼ਤਮ ਹੋਣ ਦੇ ਬਾਵਜੂਦ ਗ਼ੈਰ-ਕਾਨੂੰਨੀ ਢੰਗ ਨਾਲ ਦੇਸ਼ 'ਚ ਰੁਕੇ ਹੋਏ ਹਨ। ਇਸ ਫ਼ੈਸਲੇ ਨੇ ਖ਼ਾਸ ਕਰ ਕੇ ਪੰਜਾਬੀ ਭਾਈਚਾਰੇ 'ਚ ਇੱਕ ਵੱਡਾ ਫ਼ਿਕਰ ਪੈਦਾ ਕਰ ਦਿੱਤਾ ਹੈ।

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਦੇ ਮੁਖੀ ਐਰਿਨ ਓ'ਗੋਰਮੈਨ ਨੇ ਸਪੱਸ਼ਟ ਕੀਤਾ ਹੈ ਕਿ ਉਹ 32 ਹਜ਼ਾਰ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਕੈਨੇਡਾ ਤੋਂ ਕੱਢਣ ਦੀ ਤਿਆਰੀ ਕਰ ਰਹੇ ਹਨ। ਇਸ ਨਿਰਵਾਸਨ (Deportation) ਲਈ ਤਿਆਰ ਕੀਤੀ ਗਈ ਸੂਚੀ 'ਚ ਸਭ ਤੋਂ ਜ਼ਿਆਦਾ ਗਿਣਤੀ ਭਾਰਤੀ ਨਾਗਰਿਕਾਂ ਦੀ ਹੈ।

ਭਾਰਤੀਆਂ ਨੂੰ ਕੱਢਣ ਦਾ ਵਧਿਆ ਅੰਕੜਾ: ਮਿਲੇ ਅੰਕੜਿਆਂ ਅਨੁਸਾਰ ਇਸ ਸਾਲ 28 ਜੁਲਾਈ ਤਕ ਕੁੱਲ 1,891 ਭਾਰਤੀਆਂ ਨੂੰ ਪਹਿਲਾਂ ਹੀ ਕੈਨੇਡਾ ਤੋਂ ਉਨ੍ਹਾਂ ਦੇ ਦੇਸ਼ ਵਾਪਿਸ ਭੇਜ ਦਿੱਤਾ ਗਿਆ ਹੈ। ਇਹ ਅੰਕੜਾ 2024 'ਚ ਇੱਕ ਰਿਕਾਰਡ ਦੇ ਨੇੜੇ ਹੈ। 2019 'ਚ ਇਹ ਅੰਕੜਾ ਸਿਰਫ਼ 625 ਸੀ ਜੋ ਦਰਸਾਉਂਦਾ ਹੈ ਕਿ ਭਾਰਤੀਆਂ ਦੇ ਦੇਸ਼ ਨਿਕਾਲੇ ਦੀ ਦਰ ਲਗਾਤਾਰ ਵੱਧ ਰਹੀ ਹੈ। ਇਸ ਸਮੇਂ ਕੈਨੇਡਾ ਤੋਂ ਬਾਹਰ ਕੱਢੇ ਜਾਣ ਵਾਲੇ ਲੋਕਾਂ ਦੀ ਸੂਚੀ 'ਚ 6, 837 ਭਾਰਤੀ ਨਾਗਰਿਕਾਂ 'ਤੇ Deportation ਦੀ ਪ੍ਰਕਿਰਿਆ ਲਾਗੂ ਕੀਤੀ ਜਾ ਰਹੀ ਹੈ। ਉਸ ਤੋਂ ਬਾਅਦ 5, 170 ਮੈਕਸੀਕਨ ਅਤੇ 1, 734 ਅਮਰੀਕੀ ਨਾਗਰਿਕ ਹਨ। ਕੁੱਲ 30, 733 ਲੋਕਾਂ ਨੇ ਸ਼ਰਣ ਲਈ ਅਰਜ਼ੀ ਦਿੱਤੀ ਸੀ।

ਪਬਲਿਕ ਸੇਫ਼ਟੀ ਮਨਿਸਟਰ ਅੰਸਾਰੀ ਨੇ ਇਹ ਦਾਅਵਾ ਕੀਤਾ ਹੈ ਕਿ ਸਾਲ 2024-25 ਦੌਰਾਨ 18 ਹਜ਼ਾਰ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇਗਾ।

Deportation ਦੇ ਜ਼ਰੂਰੀ ਨਿਯਮ: ਕੈਨੇਡਾ 'ਚ ਦੇਸ਼ ਨਿਕਾਲੇ ਦੇ ਹੁਕਮਾਂ ਦੀਆਂ ਤਿੰਨ ਕਿਸਮਾਂ ਹਨ ਜਿਨ੍ਹਾਂ ਲਈ ਵੱਖ-ਵੱਖ ਨਿਯਮ ਲਾਗੂ ਕੀਤੇ ਜਾਂਦੇ ਹਨ।

1. ਜਦੋਂ ਕਿਸੇ ਵਿਅਕਤੀ ਵਿਰੁੱਧ ਦੇਸ਼ ਨਿਕਾਲੇ ਦਾ ਆਦੇਸ਼ ਪ੍ਰਭਾਵੀ ਹੋ ਜਾਂਦਾ ਹੈ ਤਾਂ ਉਸ ਨੂੰ 30 ਦਿਨਾਂ ਦੇ ਅੰਦਰ ਕੈਨੇਡਾ ਛੱਡਣਾ ਲਾਜ਼ਮੀ ਹੁੰਦਾ ਹੈ।

2. ਜੇ ਕੋਈ ਵਿਅਕਤੀ 30 ਦਿਨਾਂ ਦੇ ਅੰਦਰ ਕੈਨੇਡਾ ਨਹੀਂ ਛੱਡਦਾ ਤਾਂ ਉਸ ਖ਼ਿਲਾਫ਼ Deportation ਦਾ ਹੁਕਮ ਜਾਰੀ ਕੀਤਾ ਜਾਂਦਾ ਹੈ। ਉਸ ਤੋਂ ਬਾਅਦ ਉਹ ਵਿਅਕਤੀ ਇੱਕ ਸਾਲ ਤਕ ਕੈਨੇਡਾ ਵਾਪਿਸ ਨਹੀਂ ਪਰਤ ਸਕਦਾ ਜਾਂ ਜਦੋਂ ਤਕ ਉਸ ਨੂੰ ਲਿਖ਼ਤੀ ਤੌਰ 'ਤੇ ਆਗਿਆ ਨਹੀਂ ਮਿਲਦੀ। 3. ਜੇ ਕਿਸੇ ਵਿਅਕਤੀ ਨੂੰ ਬੈਨ ਕੀਤਾ ਜਾਂਦਾ ਹੈ ਜਾਂ ਉਸ ਨੇ ਜਾਣਬੁੱਝ ਕੇ ਗ਼ਲਤ ਜਾਣਕਾਰੀ ਪੇਸ਼ ਕੀਤੀ ਹੋਵੇ ਤਾਂ ਉਸ ਨੂੰ ਪੰਜ ਸਾਲ ਤਕ ਕੈਨੇਡਾ 'ਚ ਦਾਖਲੇ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਇਹ ਜਾਣਕਾਰੀ ਤੁਹਾਡੇ ਤਕ Global Village Immigration Solutions ਦੇ CEO ਹਰਮਨਜੋਤ ਸੋਢੀ (ਬਾਕੀ ਸਫ਼ਾ 2 'ਤੇ)

ਗੈਂਗਸਟਰ Goldy Dhillon ਨੇ ਮਚਾਈ Canada 'ਚ ਤਰਥੱਲੀ

ਐਬਟਸਫ਼ੋਰਡ: BC ਦੇ ਐਬਟਸਫ਼ੋਰਡ 'ਚ ਭਾਰਤੀ ਮੂਲ ਦੇ ਇੱਕ ਕਾਰੋਬਾਰੀ ਦਰਸ਼ਨ ਸਿੰਘ ਸਾਹਸੀ ਦੀ ਬੀਤੇ ਦਿਨੀਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਪੰਜਾਬ ਦੇ ਖੰਨਾ ਦੇ ਰਾਜਗੜ੍ਹ ਪਿੰਡ ਦੇ ਰਹਿਣ ਵਾਲੇ ਸਾਹਸੀ ਦੇ ਕਤਲ ਦੀ ਜ਼ਿੰਮੇਵਾਰੀ ਬਦਨਾਮ ਲੌਰੈਂਸ ਬਿਸ਼ਨੋਈ ਗੈਂਗ ਦੇ ਮੈਂਬਰ ਗੋਲਡੀ ਢਿੱਲੋਂ ਨੇ ਇੱਕ ਸੋਸ਼ਲ ਮੀਡੀਆ ਪੋਸਟ ਰਾਹੀਂ ਲਈ ਹੈ।

ਦਰਸ਼ਨ ਸਾਹਸੀ | ਗੋਲਡੀ ਢਿੱਲੋਂ | ਲੌਰੈਂਸ ਬਿਸ਼ਨੋਈ | ਚੰਨੀ ਨੱਤਨ

ਬਿਸ਼ਨੋਈ ਗੈਂਗ ਦੇ ਮੈਂਬਰ ਗੋਲਡੀ ਢਿੱਲੋਂ ਨੇ ਆਪਣੀ ਇੱਕ ਸੋਸ਼ਲ ਮੀਡੀਆ ਪੋਸਟ ਰਾਹੀਂ ਉਸ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਇਸ ਪੋਸਟ ਨੇ ਪੂਰੇ ਮਾਮਲੇ ਨੂੰ ਇੱਕ ਨਵਾਂ ਮੋੜ ਦੇ ਦਿੱਤਾ ਹੈ। ਗਿਰੋਹ ਦਾ ਦਾਅਵਾ ਹੈ ਕਿ ਦਰਸ਼ਨ ਸਿੰਘ ਸਾਹਸੀ ਕੈਨੇਡਾ 'ਚ ਇੱਕ ਵੱਡੇ ਡਰੱਗ ਕਾਰੋਬਾਰ 'ਚ ਸ਼ਾਮਿਲ ਸੀ। ਗਿਰੋਹ ਅਨੁਸਾਰ ਜਦੋਂ ਉਨ੍ਹਾਂ ਨੇ ਦਰਸ਼ਨ ਸਿੰਘ ਤੋਂ ਫ਼ਿਰੌਤੀ ਦੀ ਮੰਗ ਕੀਤੀ ਤਾਂ ਉਸ ਨੇ ਨਾ ਸਿਰਫ਼ ਪੈਸੇ ਦੇਣ ਤੋਂ ਇਨਕਾਰ ਕੀਤਾ ਸਗੋਂ ਉਨ੍ਹਾਂ ਦਾ ਫ਼ੋਨ ਨੰਬਰ ਵੀ ਬਲੌਕ ਕਰ ਦਿੱਤਾ। ਗਿਰੋਹ ਨੇ ਇਸ ਨੂੰ ਕਤਲ ਦਾ ਕਾਰਨ ਦੱਸਿਆ ਹੈ। ਹਾਲਾਂਕਿ ਪੁਲੀਸ ਨੇ ਅਜੇ ਤਕ ਇਨ੍ਹਾਂ ਦਾਅਵਿਆਂ ਦੀ ਅਧਿਕਾਰਿਕ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਅਤੇ ਜਾਂਚ ਜਾਰੀ ਹੈ।

ਦੱਸ ਦਈਏ ਕਿ ਕੈਨੇਡਾ ਦੇ ਐਬਟਸਫ਼ੋਰਡ 'ਚ ਇੱਕ ਪ੍ਰਮੁੱਖ ਪੰਜਾਬੀ ਕਾਰੋਬਾਰੀ ਦਾ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਇਹ ਘਟਨਾ ਸਵੇਰੇ 9:22 ਵਜੇ ਦੇ ਕਰੀਬ ਐਬਟਸਫ਼ੋਰਡ ਦੇ ਟਾਊਨਲਾਈਨ ਖੇਤਰ 'ਚ ਬਲੂ ਰਿਜ ਡਰਾਈਵ 'ਤੇ ਵਾਪਰੀ ਸੀ ਜਿਥੇ ਅਣਪਛਾਤੇ ਵਿਅਕਤੀਆਂ ਨੇ ਉਸ ਦੇ ਘਰ ਦੇ ਬਾਹਰ ਹੀ ਇੱਕ ਮਿਹਨਤੀ ਪੰਜਾਬੀ ਕਾਰੋਬਾਰੀ ਦਰਸ਼ਨ ਸਿੰਘ ਸਾਹਸੀ ਨੂੰ ਗੋਲੀਆਂ ਮਾਰ ਦਿੱਤੀਆਂ।

ਸੂਤਰਾਂ ਨੇ CTV News ਨੂੰ ਪੁਸ਼ਟੀ ਕੀਤੀ ਹੈ ਕਿ ਸਰੀ ਦੇ ਨਿਊਟਨ ਇਲਾਕੇ 'ਚ ਇੱਕ ਘਰ ਜਿਸ 'ਤੇ ਐਤਵਾਰ ਸਵੇਰੇ ਗੋਲੀਬਾਰੀ ਕੀਤੀ ਗਈ ਸੀ, ਉਹ ਮਸ਼ਹੂਰ ਪੰਜਾਬੀ ਗਾਇਕਾ ਚੰਨੀ ਨੱਤਨ ਦਾ ਹੈ। ਸੋਸ਼ਲ ਮੀਡੀਆ ਵੀਡੀਓ 'ਚ ਦਿਖਾਇਆ ਗਿਆ ਹੈ ਕਿ ਬੰਦੂਕਧਾਰੀਆਂ ਨੇ 124 ਸਟਰੀਟ ਦੇ 7800 ਬਲੌਕ 'ਚ ਲਗਭਗ 2: 43 ਵਜੇ ਘਰ 'ਤੇ ਕਈ ਗੋਲੀਆਂ ਚਲਾਈਆਂ। ਸਰੀ ਪੁਲੀਸ ਸੇਵਾ ਨੇ ਕਿਹਾ ਕਿ ਗੋਲੀਬਾਰੀ ਸਮੇਂ ਕਈ ਲੋਕ ਅੰਦਰ ਸਨ, ਪਰ ਕੋਈ ਵੀ ਜ਼ਖ਼ਮੀ ਨਹੀਂ ਹੋਇਆ।

ਨੱਤਨ ਦੇ ਨਜ਼ਦੀਕੀ ਸੂਤਰਾਂ ਨੇ CTV News ਨੂੰ ਦੱਸਿਆ ਕਿ ਉਨ੍ਹਾਂ ਨੂੰ ਗੋਲੀਬਾਰੀ 'ਤੇ ਟਿੱਪਣੀ ਨਾ ਕਰਨ (ਬਾਕੀ ਸਫ਼ਾ 2 'ਤੇ)

ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਪੁਰਬ ਦੀਆਂ ਲੱਖ-ਲੱਖ ਵਧਾਈਆਂ
Buy 1 Item Get 2nd Free with Sweets
Akaal Sweets & Restaurant
ਫੂਡ ਟਰੱਕ ਨਾਲ ਲਾਈਵ ਕੇਟਰਿੰਗ

Buffet Lunch $13 only
ਗੁਰਪੁਰਬ Gift Hamper Buy One 2nd FREE
Catering $13 only ਅਜੀਤ ਵੀਕਲੀ ਦੇ ਹਵਾਲੇ ਨਾਲ
100% Vegetarian
ਲੰਗਰ ਦੀ ਸੁੱਚਮਤਾ 100%
6965 Davand Drive Unit #1
ਡਿਕਸੀ ਗੁਰੂ ਘਰ ਦੇ ਸਾਹਮਣੇ
905-565-0036
*Some restrictions apply

APRA MONEY EXCHANGE INVESTMENT LENDING INC.
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ
1st or 2nd Mortgages
Jagtar Dhah 416-731-7710
Gurjit Dhah 647-267-3424 Lic # 15000974
6 Rae Avenue, Brampton Bus: 905-794-3233

BANI CREATIONS
Latest Design Boutique
Style Hand Work
Sharara & Salwar Suit Available
ਸਾਡੇ ਕੋਲ ਲੇਡੀ ਟੇਲਰ ਵੀ ਹੈ
By Appointment only
RAJBEER 647-829-2454
7015 Tranmere Dr. Unit 1, Missisauga

PROTECT YOUR HOME FROM PESTS
Residential/Commercial/Industrial
Low Cost Pest Control Service
100% Success rate for Bed Bug Treatment
BED BUG MATTRESS COVER ALSO AVAILABLE
FREE HOME INSPECTION CALL TODAY
(RELY ON US, WE RELY ON EXPERIENCE)
Ranjit Sidhu Certified Exterminator
Ministry of the Environment (Ontario)
A TO Z PEST CONTROL INC.
www.atozpestcontroltoronto.com atozpestcontrol.rs@gmail.com
Cell: 647-668-3944 off: 905-455-0648

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
7015-Tranmere Dr. Unit20, Mississauga, ON. L5S 1T7 Canada